ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ 7 ਸ਼ਾਖਾ)

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
3. ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ

ਮੀਮੋ ਨੰ 10/32/06/1ਸਿ7/428-68
ਮਿਤੀ ਚੰਡੀਗੜ੍ਹ 19 ਜਨਵਰੀ, 2010

ਵਿਸ਼ਾ ਅਕਾਦਮਿਕ ਸਾਲ 2009-10 ਦੀ ਪੰਜਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ ਬਾਰੇ ।

1.0 ਉਪਰੋਕਤ ਵਿਸੇ ਤੇ ਆਪ ਜੀ ਦਾ ਧਿਆਨ ਸਰਕਾਰ ਦੇ ਪੱਤਰ ਨੰ 10/32/06/1ਸਿ7/5107-47 ਮਿਤੀ 14.10.2009 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜਿਸ ਦੇ ਰਾਹੀਂ ਸਰਕਾਰ ਵੱਲੋਂ ਸਾਲ 2009-10 ਦੌਰਾਨ ਸਰਕਾਰੀ ਸਕੂਲਾਂ ਦੇ ਵਿੱਚ ਪੰਜਵੀ ਸ਼੍ਰੇਣੀ ਦੀ ਪ੍ਰੀਖਿਆ ਬਾਰੇ ਹਦਾਇਤਾਂ ਜਾਰੀ ਕੀਤੀਆ ਸਨ ।

2.0 ਵੱਖ-ਵੱਖ ਪ੍ਰਾਈਵੇਟ ਸਕੂਲਾਂ ਦੀਆ ਜੱਥੇਬੰਦੀਆ ਅਤੇ ਆਮ ਲੋਕਾਂ ਵੱਲੋਂ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਪੰਜਾਬ ਰਾਜ ਵਿੱਚ ਮਾਨਤਾ ਪ੍ਰਾਪਤ ਅਤੇ ਗੈਰ-ਮਾਨਤਾ ਪ੍ਰਾਪਤ ਸਕੂਲਾਂ ਵਿੱਚ ਦੀ ਪੰਜਵੀਂ ਕਲਾਸ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਦੀ ਪ੍ਰੀਖਿਆ ਦਾ ਵੀ ਫੈਸਲਾ ਸਰਕਾਰੀ ਸਕੂਲਾਂ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਵਾਂਗ ਹੀ ਲੈਣਾ ਬਣਦਾ ਹੈ । ਭਾਵੇਂ ਕਿ ਪੰਜਵੀ ਕਲਾਸ ਦੀ ਪ੍ਰੀਖਿਆ ਇਕ ਪਬਲਿਕ ਪ੍ਰੀਖਿਆ ਨਹੀਂ ਹੈ, ਪਰੰਤੂ ਆਮ ਲੋਕਾਂ ਵੱਲੋਂ ਪ੍ਰਾਪਤ ਸ਼ਿਕਾਇਤਾਂ ਅਤੇ ਉਨ੍ਹਾਂ ਵੱਲੋਂ ਦਿੱਤੀਆ ਗਈਆ ਪ੍ਰਤਿਬੇਨਤੀਆ ਅਤੇ ਸਲਾਹ ਨੂੰ ਧਿਆਨ ਵਿੱਚ ਰੱਖਦੇ ਹੋਇਆ, ਸਰਕਾਰ ਵੱਲੋਂ ਸਾਰੇ ਮੁੱਦੇ ਨੂੰ ਵਿਚਾਰਣ ਉਪਰੰਤ ਹੇਠਾਂ ਅਨੁਸਾਰ ਫੈਸਲਾ ਕੀਤਾ ਹੈ :-

(1) ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਦੇ ਵਾਂਗ ਹੀ ਵੱਖ-ਵੱਖ ਪ੍ਰਾਈਵੇਟ ਸਕੂਲਾਂ ਦੇ ਵਿੱਚ ਪੜ੍ਹਣ ਵਾਲੇ ਪੰਜਵੀ ਕਲਾਸ ਦੇ ਵਿਦਿਆਰਥੀਆਂ ਦੀ ਪ੍ਰੀਖਿਆ ਵੀ ਸਰਕਾਰੀ ਸਕੂਲਾਂ ਦੇ ਨਾਲ ਹੀ ਕਰਵਾਈ ਜਾਵੇਗੀ ਪਰੰਤੂ ਇਹ ਸਪੱਸ਼ਟ ਕੀਤਾ ਜਾਦਾ ਹੈ ਕਿ ਪ੍ਰਾਈਵੇਟ ਸਕੂਲਾਂ ਦੇ ਵਿੱਚ ਪੜ੍ਹਣ ਵਾਲੇ ਪੰਜਵੀ ਕਲਾਸ ਦੇ ਵਿਦਿਆਰਥੀਆ ਤੋਂ 25/- ਰੁਪਏ ਪ੍ਰਤਿ ਵਿਦਿਆਰਥੀ ਦੇ ਹਿਸਾਬ ਨਾਲ ਫੀਸ ਲਈ ਜਾਵੇਗੀ ।ਸਬੰਧਤ ਪ੍ਰਾਈਵੇਟ ਸਕੂਲ ਆਪਣੇ ਸਕੂਲ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਉਕਤ ਫੀਸ ਦੇ ਅਨੁਸਾਰ ਰਕਮ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੇ ਦਫ਼ਤਰ ਵਿੱਚ ਜਮ੍ਹਾ ਕਰਵਾ ਦਿੱਤੀ ਜਾਵੇਗੀ । ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਵੱਲੋਂ ਇਹ ਫੀਸ ਦੀ ਰਕਮ ਵੱਖਰੇ ਤੌਰ ਤੇ ਰੱਖੀ ਜਾਵੇਗੀ ਅਤੇ ਇਸ ਨੂੰ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਕੋਲ ਜਮ੍ਹਾ ਕਰਵਾ ਦਿੱਤਾ

ਜਾਵੇਗਾ ਜੋ ਕਿ ਇਕ ਵੱਖਰੇ ਅਕਾਊਂਟ ਖੁੱਲਵਾ ਕੇ ਇਸ ਫੀਸ ਦੀ ਰਕਮ ਨੂੰ ਰੱਖਣਗੇ ਅਤੇ ਬਾਅਦ ਵਿੱਚ ਸਰਵ ਸਿੱਖਿਆ ਅਭਿਆਨ, ਚੰਡੀਗੜ੍ਹ ਦੇ ਦਫਤਰ ਨੂੰ ਚੈਕ ਰਾਹੀਂ ਇਹ ਸਾਰੇ ਪੈਸੇ ਭੇਜਣਗੇ ।

(2) ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕੋਲ ਫਾਰਮ 15 ਫਰਵਰੀ, 2010 ਤੱਕ ਪ੍ਰਾਈਵੇਟ ਸਕੂਲਾਂ ਵੱਲੋਂ ਜਮ੍ਹਾਂ ਕਰਵਾਏ ਜਾ ਸਕਣਗੇ । ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਆਪਣੇ ਦਫ਼ਤਰ ਵਿੱਚ ਇਕ ਨੋਡਲ ਅਫ਼ਸਰ, ਬੀ.ਆਰ.ਪੀ.,ਆਫਿਸ ਬਲਾਕ ਐਸਿਸਟੈਂਟ ਜਾਂ ਬਲਾਕ ਆਫ਼ਿਸ ਐਸਿਸਟੈਂਟ ਦੀ ਡਿਊਟੀ ਲਗਾਏਗਾ ।

(3) ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਵੱਲੋਂ ਮਾਧਿਅਮ ਅਨੁਸਾਰ ਬੱਚਿਆਂ ਦੀ ਗਿਣਤੀ ਦੀ ਸੂਚਨਾ ਬਾਰੇ ਮੁੱਖ ਦਫਤਰ ਨੂੰ 22.2.2010 ਤੱਕ ਨੋਡਲ ਅਫਸਰ ਨੂੰ ਦਿੱਤੀ ਜਾਵੇਗੀ।

(4) ਸਰਵ ਸਿੱਖਿਆ ਅਭਿਆਨ ਪੰਜਾਬ ਰਾਜ ਦੇ ਸਕੂਲਾਂ ਦੇ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਵਾਂਗ ਹੀ ਪ੍ਰਸ਼ਨ ਪੱਤਰ ਅਤੇ ਉੱਤਰ ਪੁਸਤਕਾਵਾਂ ਮੁਹੱਈਆ ਕਰਵਾਉਣ ਲਈ ਜਿੰਮੇਵਾਰ ਹੋਵੇਗਾ । ਇਸ ਕੰਮ ਨੂੰ ਨੇਪਰੇ ਚਾੜ੍ਹਣ ਲਈ ਸਰਵ ਸਿੱਖਿਆ ਅਭਿਆਨ ਵੱਲੋਂ ਸ੍ਰੀ ਵਿਜੈ ਕੌਸ਼ਲ, ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ ਨੂੰ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ ਜੋ ਕਿ ਸਾਰੇ ਪੈਸੇ ਦਾ ਹਿਸਾਬ ਕਿਤਾਬ ਅਤੇ ਸਾਰੀ ਪ੍ਰੀਖਿਆ ਨੂੰ ਨੇਪਰੇ ਚਾੜ੍ਹਣਗੇ ।

(5) ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਵੱਲੋਂ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ / ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਪ੍ਰਾਪਤ ਹੋਈ ਸੂਚਨਾ ਅਨੁਸਾਰ ਲੋੜੀਂਦੇ ਪ੍ਰਸ਼ਨ ਪੱਤਰ ਅਤੇ ਉੱਤਰ ਪੁਸਤਕਾਵਾਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਤੀਕ ਸਮੇ ਸਿਰ ਪਹੁੰਚਾਉਣਗੇ । ਇਸ ਕੰਮ ਲਈ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਵੱਲੋਂ ਆਪਣੇ ਪਾਸ ਮੌਜੂਦ ਅਮਲੇ ਦੀਆ ਸੇਵਾਵਾਂ ਲਈਆ ਜਾਣਗੀਆ ।

(6) ਇਨ੍ਹਾਂ ਵਿਦਿਆਰਥੀਆਂ ਦੇ ਪ੍ਰੀਖਿਆ ਕੇਂਦਰ ਸਬੰਧਤ ਸਕੂਲਾਂ ਦੇ ਵਿੱਚ ਹੀ ਹੋਣਗੇ ਅਤੇ ਉੱਤਰ ਪੁਸਤਕਾਵਾਂ ਦੇ ਮੁਲਾਂਕਣ ਦਾ ਕੰਮ ਵੀ ਸਬੰਧਤ ਸਕੂਲ ਵੱਲੋਂ ਹੀ ਕੀਤਾ ਜਾਵੇਗਾ । ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆ ਉੱਤਰ ਪੁਸਤਕਾਵਾਂ ਦੇ ਮੁਲਾਂਕਣ ਦਾ ਕੰਮ ਵੀ ਸਬੰਧਤ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਵੱਲੋਂ ਹੀ ਕੀਤਾ ਜਾਵੇਗਾ ।

(7) ਸਬੰਧਤ ਸਕੂਲ ਮੁੱਖੀ ਦੀ ਇਹ ਡਿਊਟੀ ਹੋਵੇਗੀ ਕਿ ਉਹ ਹੇਠਾਂ ਦਿੱਤੇ ਵੇਰਵੇ ਅਨੁਸਾਰ ਪ੍ਰੀਖਿਆਵਾਂ ਨੂੰ ਲੈਣਾ ਯਕੀਨੀ ਬਣਾਉਣਗੇ ਅਤੇ ਇਸ ਤੋਂ ਬਾਅਦ ਪੰਜਵੀ ਕਲਾਸ ਦਾ ਨਤੀਜਾ ਵੀ ਘੋਸ਼ਿਤ ਕਰਣਗੇ :-

| ਮਿਤੀ | ਵਿਸ਼ਾ | ਅੰਕ | ਸਮਾਂ |
|---|---|---|---|
| 18.3.2010 | ਗਣਿਤ | 100 | 10 ਤੋਂ 12 ਵਜੇ |
| 20.3.2010 | ਪਹਿਲੀ ਭਾਸ਼ਾ ਪੰਜਾਬੀ/ਹਿੰਦੀ/ਉਰਦੂ | 100 | 10 ਤੋਂ 12 ਵਜੇ |
| 22.3.2010 | ਵਾਤਾਵਰਣ ਸਿੱਖਿਆ | 100 | 10 ਤੋਂ 12 ਵਜੇ |
| 25.3.2010 | ਅੰਗਰੇਜੀ | 100 | 10 ਤੋਂ 12 ਵਜੇ |
| 26.3.2010 | ਦੂਜੀ ਭਾਸ਼ਾ ਪੰਜਾਬੀ/ਹਿੰਦੀ/ਉਰਦੂ | 50 | 10 ਤੋਂ 11 ਵਜੇ |

(8) ਪ੍ਰਾਈਵੇਟ ਸਕੂਲਾਂ ਵੱਲੋਂ ਪੰਜਵੀਂ ਕਲਾਸ ਪਾਸ ਵਿਦਿਆਰਥੀਆਂ ਦੇ ਸਰਟੀਫਿਕੇਟ ਆਪਣੀ ਪੱਧਰ ਤੇ ਹੀ ਜਾਰੀ ਕੀਤੇ ਜਾਣਗੇ । ਇਨ੍ਹਾਂ ਵਿਦਿਆਰਥੀਆਂ ਦੇ ਸਕੂਲ ਛੱਡਣ ਦੇ ਸਰਟੀਫਿਕੇਟ ਵਿੱਚ ਇਹ ਸਾਫ ਸਾਫ ਤੌਰ ਤੇ ਲਿਖ ਦਿੱਤਾ ਜਾਵੇਗਾ ਕਿ ਸਬੰਧਤ ਵਿਦਿਆਰਥੀ ਨੇ ਪੰਜਵੀ ਕਲਾਸ ਤੀਕ ਦੀ ਪੜ੍ਹਾਈ ਪਾਸ ਕਰ ਲਈ ਹੈ । ਇਸ ਸਰਟੀਫਿਕੇਟ ਦੇ ਆਧਾਰ ਤੇ ਸਬੰਧਤ ਵਿਦਿਆਰਥੀ ਕਿਸੇ ਵੀ ਸਕੂਲ ਵਿੱਚ ਛੇਵੀਂ ਕਲਾਸ ਵਿੱਚ ਦਾਖਲਾ ਲੈਣ ਲਈ ਸਮਰੱਥ ਹੋਵੇਗਾ ।

(9) ਜ਼ਿਲ੍ਹਾ ਪੱਧਰ ਤੇ ਇਸ ਪ੍ਰੀਖਿਆ ਨੂੰ ਸੁਚਾਰੂ ਰੂਪ ਵਿੱਚ ਕੰਡਕਟ ਕਰਵਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਜ਼ਿੰਮੇਵਾਰ ਹੋਵੇਗਾ ਅਤੇ ਬਲਾਕ ਪੱਧਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀ ਜ਼ਿੰਮੇਵਾਰੀ ਹੋਵੇਗੀ ।

(10) ਪੰਜਵੀ ਜਮਾਤ ਦਾ ਨਤੀਜਾ ਮਿਤੀ 29.3.2010 ਨੂੰ ਘੋਸ਼ਿਤ ਕੀਤਾ ਜਾਵੇਗਾ ।

(11) ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਖੁਦ ਜਾਂ ਦੂਸਰੇ ਅਮਲੇ ਦੀ ਡਿਊਟੀ ਲਾ ਕੇ ਇਮਤਿਹਾਨ ਸੈਂਟਰਾਂ ਦੀ ਚੈਕਿੰਗ ਕਰਵਾ ਸਕਦੇ ਹਨ ।

(12) ਇਹ ਵੀ ਯਕੀਨੀ/ਲਾਜ਼ਮੀ ਬਣਾਇਆ ਜਾਵੇ ਕਿ ਸਾਰੇ ਸਕੂਲ ਮੁੱਖੀ ਬੱਚਿਆਂ ਦੀਆਂ ਉਤਰ ਕਾਪੀਆਂ ਘੱਟੋਂ ਘੱਟ ਇੱਕ ਸਾਲ ਵਾਸਤੇ ਆਪਣੇ ਰਿਕਾਰਡ ਵਿੱਚ ਸੰਭਾਲ ਕੇ ਰੱਖਣਗੇ ਤਾਂ ਕਿ ਜੇਕਰ ਕਿਸੇ ਸ਼ਿਕਾਇਤ ਦੇ ਆਧਾਰ ਤੇ ਜ਼ਰੂਰਤ ਸਮਝੀ ਜਾਵੇ ਤਾਂ ਉਹਨਾਂ ਨੂੰ ਮੁੜ ਚੈਕ ਕੀਤਾ ਜਾ ਸਕੇ ।

(13) ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਜਾਂ ਸੁਝਾਅ ਲਈ ਮੁੱਖ ਦਫਤਰ ਚੰਡੀਗੜ੍ਹ ਦੇ ਫੋਨ ਨੰ 0172-6541673 ਤੇ ਸੂਚਿਤ ਕੀਤਾ ਜਾਵੇ ।

ਸੁਪਰਡੰਟ ਸਿੱਖਿਆ 7 ਸ਼ਾਖਾ

ਪਿ ਅ ਨੰ 10/32/2006-1ਸਿ7/467-71 ਮਿਤੀ 19.1.2010

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਚੰਡੀਗੜ੍ਹ
2. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ, ਚੰਡੀਗੜ੍ਹ
3. ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ, ਚੰਡੀਗੜ੍ਹ

ਸੁਪਰਡੰਟ

ਕਾਪੀ :-

1. ਨਿਜੀ ਸਕੱਤਰ / ਸਿੱਖਿਆ ਮੰਤਰੀ, ਪੰਜਾਬ
2. ਨਿੱਜੀ ਸਕੱਤਰ / ਸਕੱਤਰ ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ
3. ਨਿੱਜੀ ਸਹਾਇਕ/ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਕੇ) ਪੰਜਾਬ, ਚੰਡੀਗੜ੍ਹ
4. ਨਿੱਜੀ ਸਹਾਇਕ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਐਮ) ਪੰਜਾਬ, ਚੰਡੀਗੜ੍ਹ
5. ਸੁਪਰਡੰਟ ਸਿੱਖਿਆ 3 ਸ਼ਾਖਾ